ਚੰਡੀਗੜ੍ਹ
ਡਾਇਰੀ ਨੰ 538/cc ਮਿਤੀ 17/12/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਦਲਜੀਤ ਸਿੰਘ, ਉਪ ਮੰਡਲ ਅਫਸਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ ਰੂਲਜ 1970) ਦੇ ਰੂਲ 10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ:-

1. Sh Daljit Singh Sub Divisional Officer is in a habit to remain absent from duty & slipping from the Headquarters without permission in writing as well as intimation in verbal.
2. Sh Daljit Singh, Sub Divisional Officer is in a habit to disobey the orders of his Seniors.
3. Sh Daljit Singh, Sub Divisional Officer is in a habit to create indiscipline among the Sub Divisions,Divisional Office, Circle office and the office of the Chief Engineer/ RSDC, Irrigation Works, Pb. ShahpurKandk T/Ship.
4. Sh Daljit Singh, Sub Divisional Officer is in a habit to use illicit language in the official letters addressed to the higher offices i.e. Divisional office, Circle office, land the office of Chief Enginener/RSDC, Irrigation Works, Punjab, Shahpurkandi T/Ship.
5. Sh. Daljit Singh, Sub Divisional Officer is in a habit to make correspondence with the higher offices i.e. Circle office, office of Chief Engineer/RSDC, Irrigation Works, Pb. Shahpurkandi for which he is not competent at all.

2. ਸ੍ਰੀ ਦਲਜੀਤ ਸਿੰਘ, ਉਪ ਮੰਡਲ ਅਫਸਰ ਵੱਲੋਂ ਕਾਰਨ ਦੱਸੋ ਨੋਟਿਸ ਦਾ ਜਵਾਬ ਮਿਤੀ 10.12.2013 ਨੂੰ ਪੇਸ਼ ਕੀਤਾ ਗਿਆ ਜਿਸ ਸਬੰਧੀ ਮੁੱਖ ਇੰਜੀਨੀਅਰ/ਰ.ਸ.ਡ. ਸਿੰਚਾਈ ਵਿਭਾਗ, ਪੰਜਾਬ, ਸ਼ਾਹਪੁਰਕੰਢੀ ਤੋਂ ਟਿੱਪਣੀ ਮੰਗੀ ਗਈ ਸੀ। ਇਸ ਮਾਮਲੇ ਵਿੱਚ ਅਧਿਕਾਰੀ ਵੱਲੋਂ ਕਾਰਨ ਦੱਸੋ ਨੋਟਿਸ ਸਬੰਧੀ ਪ੍ਰਾਪਤ ਹੋਏ ਜਵਾਬ ਅਤੇ ਮੁੱਖ ਇੰਜੀਨੀਅਰ/ਰ.ਸ.ਡ. ਸਿੰਚਾਈ ਵਿਭਾਗ, ਪੰਜਾਬ, ਸ਼ਾਹਪੁਰਕੰਢੀ ਤੋਂ ਪ੍ਰਾਪਤ ਹੋਈ ਟਿੱਪਣੀ ਨੂੰ ਵਿਚਾਰਨ ਉਪਰੰਤ ਇਸ ਮਾਮਲੇ ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਮਿਤੀ 24.11.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ।

3. ਸ੍ਰੀ ਦਲਜੀਤ ਸਿੰਘ, ਉਪ ਮੰਡਲ ਅਫਸਰ ਵੱਲੋਂ ਨਿੱਜੀ ਸੁਣਵਾਈ ਸਮੇਂ ਉਸ ਵਿਰੁੱਧ ਲਗਾਏ ਗਏ ਦੋਸ਼ਾਂ ਦਾ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ ਅਤੇ ਇਹ ਵੀ ਮਹਿਸੂਸ ਕੀਤਾ ਗਿਆ ਕਿ ਇਸ ਮੁਲਾਜਮ ਦਾ ਵਤੀਰਾ ਆਪਣੇ ਸੀਨੀਅਰ ਅਧਿਕਾਰੀਆਂ ਪ੍ਰਤੀ ਠੀਕ ਨਹੀਂ ਹੈ ਅਤੇ ਉਹ ਉਨ੍ਹਾਂ ਦੇ ਕਾਨੂੰਨੀ ਤੌਰ ਤੇ ਕੀਤੇ ਫੈਸਲਿਆਂ ਅਤੇ ਕੀਤੇ ਜਾਂਦੇ ਕੰਮਾਂ ਤੇ ਇਹ ਮੁਲਾਜਮ ਕਿੰਤੂ ਪ੍ਰੰਤੂ ਕਰਦਾ ਹੈ ਅਤੇ ਕੰਮ ਵਿੱਚ ਅੜਿਕਾ ਪਾਉਂਦਾ ਹੈ।

13961
17 DEC 2015



4. ਇਸ ਲਈ ਸ੍ਰੀ ਦਲਜੀਤ ਸਿੰਘ, ਉਪ ਮੰਡਲ ਅਫਸਰ ਵੱਲੋਂ ਨਿੱਜੀ ਸੁਣਵਾਈ ਸਮੇਂ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੇ ਸਾਰੇ ਪੱਖਾਂ ਨੂੰ ਵਿਚਾਰਨ ਉਪਰੰਤ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ-10 ਅਤੇ ਨਿਯਮ-5 (iv) ਅਧੀਨ ਇਸ ਅਧਿਕਾਰੀ ਦੀਆਂ ਦੋ ਸਾਲਾਨਾਂ ਤਰੱਕੀਆਂ ਬਿਨ੍ਹਾਂ ਭਵਿੱਖੀ ਅਸਰ ਦੇ ਬੰਦ ਕੀਤੀਆਂ ਜਾਂਦੀਆਂ ਹਨ ਅਤੇ ਅੱਗੇ ਤੋਂ ਸਰਕਾਰੀ ਕਰਮਚਾਰੀਆਂ ਦੇ ਆਚਰਣ ਨਿਯਮਾਂਵਲੀ, 1966 ਅਨੁਸਾਰ ਜਾਬਤੇ ਵਿੱਚ ਰਹਿਣ ਦੀ ਵਾਰਨਿੰਗ (Warning) ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
8-12-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਪਿੱਠ ਅੰਕਣ ਨੰ:5/30/2013-5ਸਿੰ:ਪੁੰ:2/484/3 ਮਿਤੀ,ਚੰਡੀਗੜ੍ਹ: 15/12/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2) ਮੁੱਖ ਇੰਜੀਨੀਅਰ/ਰਣਜੀਤ ਸਾਗਰ ਡੈਮ (ਉਸਾਰੀ) ਸਿੰਚਾਈ ਵਿਭਾਗ, ਪੰਜਾਬ, ਸ਼ਾਹਪੁਰਕੰਢੀ ਟਾਊਨਸ਼ਿਪ ਨੂੰ ਉਨ੍ਹਾਂ ਦੇ ਪੱਤਰ ਨੰ: 31243/8ਰਸਡਏ/2015 ਮਿਤੀ 4.11.2015 ਦੇ ਹਵਾਲੇ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਾ ਇੰਦਰਾਜ ਇਸ ਅਧਿਕਾਰੀ ਦੀ ਸੇਵਾ ਪੱਤਰੀ ਵਿੱਚ ਵੀ ਕਰਨਾ ਯਕੀਨੀ ਬਣਾਇਆ ਜਾਵੇ।
3) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
4) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
5) ਸ੍ਰੀ ਦਲਜੀਤ ਸਿੰਘ, ਉਪ ਮੰਡਲ ਅਫਸਰ, ਦਫਤਰ ਕਾਰਜਕਾਰੀ ਇੰਜੀਨੀਅਰ,ਇੰਨਸਪੈਕਸ਼ਨ ਅਤੇ ਕੁਆਲਟੀ ਕੰਟਰੋਲ ਮੰਡਲ, ਰਣਜੀਤ ਸਾਗਰ ਡੈਮ ਸਾਹਪੁਰਕੰਢੀ ਟਾਊਨਸ਼ਿਪ।

ਅਧੀਨ ਸਕੱਤਰ ਸਿੰਚਾਈ